## 1.ਹਾਲਮਾਰਕਿੰਗ ਕੀ ਹੈ ?

ਹਾਲਮਾਰਕਿੰਗ ਕੀਮਤੀ ਧਾਤੂਆਂ ਦੀ ਵਸਤੂਆਂ ਵਿੱਚ ਕੀਮਤੀ ਧਾਤੂ ਦੀ ਅਨੁਪਾਤਕ ਮਾਤਰਾ ਦਾ ਅਧਿਕਾਰਕ ਅਭਿਲੇਖ ਅਤੇ ਪਰਿਸ਼ੁੱਧਤਾ ਨਿਰਧਾਰਨ ਹੈ। ਹਾਲਮਾਰਕ ਇਸ ਤਰ੍ਹਾਂ ਭਾਰਤ ਵਿੱਚ ਕੀਮਤੀ ਧਾਤੂ ਦੀ ਵਸਤੂਆਂ ਦੀ ਸ਼ੁੱਧਤਾ ਅਤੇ ਫਾਇਨਾਂਸ ਦੀ ਗਾਰੰਟੀ ਦੇ ਰੂਪ ਵਿੱਚ ਪ੍ਰਯੋਗ ਕੀਤੇ ਜਾਣ ਵਾਲਾ ਅਧਿਕਾਰਕ ਚਿੰਨ੍ਹ ਹੈ।

## 2.ਭਾਰਤ ਵਿੱਚ ਕਿਹੜੀਆਂ ਧਾਤੂਆਂ ਦੀ ਹਾਲਮਾਰਕਿੰਗ ਕੀਤੀ ਜਾਂਦੀ ਹੈ ?

ਭਾਰਤ ਵਿੱਚ ਵਰਤਮਾਨ ਵਿੱਚ ਦੋ ਕੀਮਤੀ ਧਾਤੂਆਂ ਜਿਵੇਂ -ਸੋਨਾ ਅਤੇ ਚਾਂਦੀ ਨੂੰ ਹਾਲਮਾਰਕਿੰਗ ਦੇ ਦਾਇਰੇ ਵਿੱਚ ਲਿਆਂਦਾ ਗਿਆ ਹੈ।

## 3.ਹਾਲ ਮਾਰਕਿੰਗ ਤੇ ਭਾਰਤੀ ਮਾਨਕ ਕਿਹੜੇ ਹਨ ?

-ਆਈ ਐੱਸ 1417:2016 ਸਵਰਣ ਅਤੇ ਸਵਰਣ ਮਿਸ਼ਰਿਤ ਧਾਤੂਆਂ /ਸ਼ਿਲਪ ਕ੍ਰਿਤੀਆਂ ਫਾਇਨਾਂਸ ਅਤੇ ਮੋਹਰ ਅੰਕਣ-ਵਸ਼ਿਸ਼ਟੀ

-ਆਈ ਐੱਸ 2112:2014 ਚਾਂਦੀ ਅਤੇ ਚਾਂਦੀ ਮਿਸ਼ਰਿਤ ਧਾਤੂਆਂ /ਸ਼ਿਲਪ ਕ੍ਰਿਤੀਆਂ -ਫਾਇਨਾਂਸ ਅਤੇ ਮੋਹਰ ਅੰਕਣ-ਵਸ਼ਿਸ਼ਟੀ

-ਆਈ ਐੱਸ 15820:2009 ਅਸੇਇੰਗ ਦੀ ਸਥਾਪਨਾ ਅਤੇ ਪ੍ਰਚਾਲਨ ਅਤੇ ਅਸੇਇੰਗ ਅਤੇ ਹਾਲਮਾਰਕਿੰਗ ਕੇਂਦਰਾਂ ਦੇ ਪ੍ਰਚਾਲਨ ਦੀਆਂ ਆਮ ਇੱਛਾਵਾਂ ।

-ਆਈ ਐੱਸ 1418-2009 ਸਵਰਣ ਬੁਲੀਅਨ, ਸਵਰਨ ਮਿਸ਼ਰਿਤ ਧਾਤੂਆਂ ਅਤੇ ਸਵਰਨ ਆਭੂਸ਼ਣਾਂ /ਸ਼ਿਲਪ ਕ੍ਰਿਤੀਆਂ ਕਿਊਪੇਲੀਕਰਨ ਵਿੱਚ ਸਵਰਣ ਦਾ ਨਿਰਧਾਰਣ( ਫਾਇਰ ਅਸੇ) ਪੱਧਤੀ।

-ਆਈ ਐਸ 2113:2014 ਚਾਂਦੀ ਅਤੇ ਚਾਂਦੀ ਮਿਸ਼ਰਿਤ ਧਾਤੂਆਂ ਵਿੱਚ ਚਾਂਦੀ ਦੀ ਪਰਖ ਪੱਧਤੀ ।

## 4. ਸਵਰਨ ਆਭੂਸ਼ਣਾਂ -ਸ਼ਿਲਪ ਕ੍ਰਿਤੀਆਂ ਦੀ ਹਾਲਮਾਰਕਿੰਗ ਦੇ ਲਈ ਕਿਹੜੇ ਗਰੇਡਾਂ ਦੇ ਆਦੇਸ਼ ਹਨ ?

-ਆਈ ਐੱਸ 1417:2016 14,18 ਅਤੇ 22 ਕੈਰੇਟ ਦੇ ਸਵਰਣ ਆਭੂਸ਼ਣਾਂ ਸ਼ਿਲਪ ਕ੍ਰਿਤੀਆਂ ਨੂੰ ਹਾਲਮਾਰਕ ਅਤੇ ਵੇਚਣ ਲਈ । ਫਿਰ ਵੀ ਭਾਰਤੀ ਮਾਨਕ ਵਿੱਚ ਸੰਸ਼ੋਧਨ ਕੀਤਾ ਗਿਆ ਹੈ, ਜਿਸ ਨਾਲ ਛੇ ਸ਼੍ਰੇਣੀਆਂ ਦੇ ਸਵਰਣ ਆਭੂਸ਼ਣਾਂ ਸ਼ਿਲਪ ਕ੍ਰਿਤੀਆਂ ਅਰਥਾਤ 14,18,20,22,23 ਅਤੇ 24 ਕੈਰੇਟ ਦੀ ਹਾਲਮਾਰਕਿੰਗ ਕੀਤੀ ਜਾ ਸਕੇਗੀ ।

## 5.ਹਾਲਮਾਰਕਿੰਗ ਯੋਜਨਾ ਸ਼ੁਰੂ ਕਰਨ ਦੇ ਪਿੱਛੇ ਕੀ ਉਦੇਸ਼ ਹਨ?

ਅਨਿਯਮਿਤ ਸੋਨੇ ਜਾਂ ਚਾਂਦੀ ਦੀ ਗੁਣਤਾ ਦੇ ਕਾਰਨ ਉਪਭੋਗਤਾ ਨੂੰ ਪੀੜਿਤ ਹੋਣ ਤੋਂ ਬਚਾਉਣ ਲਈ ਭਾਰਤ ਨੂੰ ਸੰਸਾਰ ਭਰ ਵਿੱਚ ਇੱਕ ਪ੍ਰਮੁੱਖ ਸਵਰਣ ਬਾਜ਼ਾਰ ਕੇਂਦਰ ਦੇ ਰੂਪ ਵਿੱਚ ਵਿਕਸਿਤ ਕਰਨਾ ਅਤੇ ਨਿਰਯਾਤ ਕੰਪੀਟੀਸ਼ਨ ਵਿਕਸਿਤ ਕਰਨਾ ਹੈ ।

## 6.ਉਪਭੋਗਤਾ ਨੂੰ ਕੀ ਲਾਭ ਹਨ ?

ਸੋਨੇ ਅਤੇ ਚਾਂਦੀ ਦੀ ਸ਼ੁੱਧਤਾ ਲਈ ਉਪਭੋਗਤਾ ਦੁਆਰਾ ਤਿਆਰ ਕੀਤੇ ਗਏ ਭੁਗਤਾਨ ਦੀ ਕੀਮਤ (ਧੰਨ ਦੇ ਲਈ ਮਾਨ) ਦਾ ਤੀਜੇ ਪੱਖ ਦੇ ਰੂਪ ਵਿੱਚ ਆਸ਼ਵਾਸਨ ਅਤੇ ਸੰਤੁਸ਼ਟੀ ਪ੍ਰਾਪਤ ਹੁੰਦੀ ਹੈ।

## 7.ਜਵੈਲਰਜ਼ ਨੂੰ ਕਿਸ ਤਰ੍ਹਾਂ ਲਾਭ ਹੋਏਗਾ ?

ਇਹ ਉਸਦੀ ਯੋਗਤਾ, ਗੁਣਤਾ ਦੇ ਪ੍ਰਤੀ ਪ੍ਰਤੀਬੱਧਤਾ ਦਾ ਪੱਕਾ ਪ੍ਰਮਾਣ ਅਤੇ ਸ਼ੁੱਧਤਾ ਵਿੱਚ ਲਗਾਤਾਰਤਾ ਦਾ

ਆਸ਼ਵਾਸਨ ਅਤੇ ਸੋਨੇ ਜਾਂ ਚਾਂਦੀ ਦੇ ਆਭੂਸ਼ਣਾਂ ਦੀ ਗੁਣਤਾ ਨੂੰ ਸਪੱਸ਼ਟ ਰੂਪ ਵਿੱਚ ਦਰਸਾਏਗਾ।

8.ਹਾਲ ਮਾਰਕਿੰਗ ਯੋਜਨਾ ਦਾ ਪਰਿਚਾਲਨ ਕੌਣ ਕਰਦਾ ਹੈ? ਬੀ.ਆਈ.ਐਸ ਪੂਰੇ ਦੇਸ਼ ਵਿੱਚ ਆਪਣੇ ਖੇਤਰੀ ਸ਼ਾਖਾ ਦਫ਼ਤਰਾਂ ਦੇ ਨੈੱਟਵਰਕ ਦੇ ਮਾਧਿਅਮ ਨਾਲ ਸੋਨੇ ਅਤੇ ਚਾਂਦੀ ਦੇ ਆਭੂਸ਼ਣਾਂ ਲਈ ਹਾਲਮਾਰਕਿੰਗ ਯੋਜਨਾ ਦਾ ਪਰਿਚਾਲਨ ਕਰਦਾ ਹੈ।

9.ਜੌਹਰੀਆਂ ਨੂੰ ਰਜਿਸਟ੍ਰੇਸ਼ਨ ਪ੍ਰਦਾਨ ਕਰਨ ਦੀ ਪ੍ਰਕਿਰਿਆ ਕੀ ਹੈ? ਕੋਈ ਵੀ ਜੌਹਰੀ ਜੋ ਹਾਲਮਾਰਕ ਵਾਲੇ ਸੋਨੇ ਅਤੇ ਚਾਂਦੀ ਦੇ ਆਭੂਸ਼ਣਾਂ ਸ਼ਿਲਪਕਾਰੀਆਂ ਦੀ ਵਿਕਰੀ ਲਈ ਰਜਿਸਟ੍ਰੇਸ਼ਨ ਪ੍ਰਮਾਣ ਪੱਤਰ ਪ੍ਰਾਪਤ ਕਰਨਾ ਚਾਹੁੰਦਾ ਹੈ, ਉਸ ਨੂੰ ਬੀ.ਆਈ.ਐਸ ਪੋਰਟਲ www.manakonline.in 'ਤੇ ਆਨਲਾਈਨ ਅਪਲਾਈ ਕਰਨਾ ਪਵੇਗਾ। ਰਜਿਸਟ੍ਰੇਸ਼ਨ ਦਾ ਪ੍ਰਮਾਣ ਪੱਤਰ ਤੁਰੰਤ ਪ੍ਰਦਾਨ ਕੀਤਾ ਜਾਂਦਾ ਹੈ।

10.ਪਰਖ ਅਤੇ ਹਾਲਮਾਰਕਿੰਗ ਕੇਂਦਰਾਂ ਨੂੰ ਮਾਨਤਾ ਪ੍ਰਦਾਨ ਕਰਨ ਦੀ ਪ੍ਰਕਿਰਿਆ ਕੀ ਹੈ ?

ਆਈ ਐੱਸ 15820 :2009 ਸੋਨੇ ਅਤੇ ਜਾਂ ਚਾਂਦੀ ਦੇ ਆਭੂਸ਼ਣਾਂ/ਸ਼ਿਲਪਕਾਰੀਆਂ ਦੀ ਪਰਖ ਅਤੇ ਹਾਲਮਾਰਕਿੰਗ ਵਿੱਚ ਦਰਸਾਈਆਂ ਇੱਛਾਵਾਂ ਦੇ ਅਨਰਪ ਕਿਸੇ ਵੀ ਅਸੇਇੰਗ ਕੇਂਦਰ ਦੀ ਸਥਾਪਨਾ ਲਈ ਬੀ.ਆਈ. ਐੱਸ ਪੋਰਟਲ www.manakonline.in 'ਤੇ ਆਨਲਾਈਨ ਅਪਲਾਈ ਕਰਨਾ ਪਵੇਗਾ। ਅਸੇਇੰਗ ਅਤੇ ਹਾਲ ਮਾਰਕਿੰਗ ਕੇਂਦਰ ਦੀ ਮਾਨਤਾ ਬੀ.ਆਈ.ਐੱਸ ਦੁਆਰਾ ਇਹ ਸੁਨਿਸ਼ਚਿਤ ਕਰਨ ਤੋਂ ਬਾਅਦ ਕੀਤੀ ਜਾਂਦੀ ਹੈ ਕਿ ਕੇਂਦਰ ਦੇ ਕੋਲ ਆਈ.ਐੱਸ 15820 :2009 ਦੇ ਅਨੁਰੂਪ ਜ਼ਰੂਰੀ ਬੁਨਿਆਦੀ ਢਾਂਚਾ ਅਤੇ ਗਣਤਾ ਪ੍ਰਬੰਧ ਪੱਧਤੀ ਉਪਲੱਬਧ ਹੈ ਅਤੇ ਨਾਲ ਹੀ ਨਿਯੋਜਿਤ ਟਰੇਂਡ ਅਤੇ ਯੋਗ ਮੈਨ ਪਾਵਰ ਹੈ। ਅਸੇਇੰਗ ਅਤੇ ਹਾਲਮਾਰਕਿੰਗ ਕੇਂਦਰਾਂ ਨੂੰ ਮਾਨਤਾ ਦੇਣ ਲਈ ਆਵੇਦਨ ਕਰਣ ਦੇ ਸਟੈਪਸ ਬੀ.ਆਈ.ਐਸ ਵੈੱਬਸਾਈਟ 'ਤੇ ਉਪਲੱਬਧ ਹਨ। https://bis.gov.in/wp-content/uploads/2021/04/Guide_to_apply_for_recognitio_2021.pdf

11.ਰਜਿਸਟਰਡ ਜੋਹਰੀ ਅਤੇ ਮਾਨਤਾ ਪ੍ਰਾਪਤ ਅਸੇਇੰਗ ਅਤੇ ਹਾਲ ਮਾਰਕਿੰਗ ਕੇਂਦਰਾਂ 'ਤੇ ਬੀ.ਆਈ.ਐੱਸ ਦਾ ਕੀ ਨਿਯੰਤਰਣ ਹੈ ?

ਅਸੇਇੰਗ ਅਤੇ ਹਾਲਮਾਰਕਿੰਗ ਕੇਂਦਰਾਂ ਦੀ ਨਿਯਮਿਤ ਨਿਗਰਾਨੀ, ਆਡਿਟ ਅਤੇ ਰਜਿਸਟਰਡ ਜੌਹਰੀ ਤੋਂ ਲਏ ਗਏ ਬੇਤਰਤੀਬ ਬਾਜ਼ਾਰ ਨਮੂਨਿਆਂ ਦਾ ਪ੍ਰੀਖਣ ਕੀਤਾ ਜਾਂਦਾ ਹੈ।

12.ਹਾਲਮਾਰਕ ਵਾਲੇ ਸੋਨੇ ਦੀ ਵਸਤੂ ਨੂੰ ਬਣਵਾਉਣ ਵਿੱਚ ਕਿੰਨਾ ਖ਼ਰਚ ਆਉਂਦਾ ਹੈ ?

ਹੇਠ ਲਿਖੇ ਹਾਲਮਾਰਕਿੰਗ ਫੀਸ ਫੀਸ ਲਾਗੂ ਹਨ ?

>> ਰੁਪਏ 35/- ਪ੍ਰਤੀ ਵਸਤੂ

>> ਇਕ ਖੇਪ ਲਈ ਘੱਟੋ-ਘੱਟ ਫੀਸ ਰੁਪਏ 200/- (ਸੇਵਾ ਕਰ ਅਤੇ ਹੋਰ ਲਾਗੂ ਹੋਣ ਵਾਲੇ ਸ਼ੁਲਕ ਵਾਧੂ ਹੋਣਗੇ)

13. ਚਾਂਦੀ ਦੀ ਇਕ ਚੀਜ਼ 'ਤੇ ਹਾਲ ਮਾਰਕ ਲਗਾਉਣ 'ਤੇ ਕਿੰਨਾ ਖਰਚ ਆਉਂਦਾ ਹੈ ?

ਹੇਠ ਲਿਖੇ ਹਾਲਮਾਰਕਿੰਗ ਫੀਸ ਲਾਗੂ ਹਨ ?

>> ਰੁਪਏ 25/- ਪ੍ਰਤੀ ਵਸਤੂ

>> ਇਕ ਖੇਪ ਲਈ ਘੱਟੋ-ਘੱਟ ਫੀਸ ਰੁਪਏ 150/- (ਸੇਵਾ ਕਰ ਅਤੇ ਹੋਰ ਲਾਗੂ ਹੋਣ ਵਾਲੇ ਸ਼ੁਲਕ ਵਾਧੂ ਹੋਣਗੇ)

14.ਕੀ ਹਾਲ ਮਾਰਕ ਫੀਸ ਵਿੱਚ ਮੇਕਿੰਗ ਪ੍ਰਭਾਰ ਅਤੇ ਵੇਸਟੇਜ ਪ੍ਰਭਾਰ ਸ਼ਾਮਲ ਹਨ?
ਨਹੀਂ।

15.ਕੀ ਹਾਲਮਾਰਕਿੰਗ ਫੀਸ ਆਭੂਸ਼ਣਾਂ ਦੇ ਵਜ਼ਨ 'ਤੇ ਨਿਰਭਰ ਕਰਦਾ ਹੈ ?
ਹਾਲਮਾਰਕਿੰਗ ਫੀਸ ਦਾ ਭੁਗਤਾਨ ਵਸਤੂ ਦੇ ਵਜ਼ਨ ਤੋਂ ਬਿਨਾਂ ਪ੍ਰਤੀ ਵਸਤੂ 'ਤੇ ਕੀਤਾ ਜਾਂਦਾ ਹੈ।

16.ਕੀ ਖੁਦਰਾ ਵਿਕਰੇਤਾ ਜੌਹਰੀ ਤੋਂ ਹਾਲਮਾਰਕ ਵਾਲੀ ਵਸਤੂਆਂ ਦਾ ਪ੍ਰਮਾਣਕ ਬਿੱਲ/ ਚਲਾਨ ਲੈਣਾ ਜ਼ਰੂਰੀ ਹੈ।

ਹਾਂ, ਖੁਦਰਾ ਵਿਕਰੇਤਾ ਜੌਹਰੀ ਤੋਂ ਹਾਲ ਮਾਰਕ ਵਾਲੀ ਵਸਤੂਆਂ ਦਾ ਪ੍ਰਮਾਣਕ ਬਿੱਲ/ ਚਲਾਨ ਲੈਣਾ ਜ਼ਰੂਰੀ ਹੈ।ਇਹ ਕਿਸੇ ਵੀ ਵਿਵਾਦ/ ਦੁਰਉਪਯੋਗ /ਸ਼ਿਕਾਇਤ ਨਿਵਾਰਨ ਲਈ ਜ਼ਰੂਰੀ ਹੈ।

17. ਕੀ ਜੋਹਰੀ ਖੁਦਰਾ ਵਿਕਰੇਤਾ ਦੁਆਰਾ ਜਾਰੀ ਬਿਲ ਚਲਾਨ ਵਿੱਚ ਹਾਲਮਾਰਕ ਵਾਲੀ ਚੀਜ਼ਾਂ ਦਾ ਵਿਵਰਣ ਹੋਣਾ ਜ਼ਰੂਰੀ ਹੈ?

ਹਾਂ, ਜੋਹਰੀ/ਖੁਦਰਾ ਵਿਕਰੇਤਾ ਦੁਆਰਾ ਜਾਰੀ ਬਿੱਲ/ ਚਲਾਨ ਵਿੱਚ ਹਾਲਮਾਰਕ ਵਾਲੀ ਵਸਤੂਆਂ ਦਾ ਵਿਵਰਣ ਹੋਣਾ ਜ਼ਰੂਰੀ ਹੈ।

18.ਖਰੀਦਦਾਰ ਨੂੰ ਜਾਰੀ ਕੀਤੇ ਗਏ ਬਿੱਲ ਵਿੱਚ ਜੌਹਰੀ ਨੂੰ ਜੋਹਰੀ ਦੁਆਰਾ ਕਿੰਨਾ ਵਿਵਰਣਾਂ ਦਾ ਉਲੇਖ ਕਰਨਾ ਹੈ?
ਹਾਲਮਾਰਕ ਵਾਲੀ ਕੀਮਤੀ ਧਾਤੂ ਦੀ ਵਸਤੂਆਂ ਦੀ ਵਿਕਰੀ ਦੇ ਬਿਲ ਜਾਂ ਚਲਾਨ ਵਿੱਚ ਹਰੇਕ ਵਸਤੂ ਦਾ ਵਿਵਰਣ, ਕੀਮਤੀ ਧਾਤੂ ਦਾ ਸ਼ੁੱਧ ਵਜ਼ਨ, ਕੈਰੇਟ ਅਤੇ ਫਾਇਨਾਂਸ ਵਿੱਚ ਸ਼ੁੱਧਤਾ ਅਤੇ ਹਾਲ ਮਾਰਕਿੰਗ ਫੀਸ ਦਾ ਜ਼ਿਕਰ ਕੀਤੇ ਜਾਣ ਦੀ ਜ਼ਰੂਰਤ ਹੈ। ਇਹ ਵੀ ਜ਼ਿਕਰ ਕੀਤਾ ਗਿਆ ਹੈ ਕਿ "ਉਪਭੋਗਤਾ ਹਾਲਮਾਰਕ ਵਾਲੇ ਆਭੂਸ਼ਣਾਂ/ ਸ਼ਿਲਪ ਕ੍ਰਿਤੀਆਂ ਦੀ ਸ਼ੁੱਧਤਾ ਨੂੰ ਬੀ.ਆਈ.ਐਸ ਤੋਂ ਮਾਨਤਾ ਪ੍ਰਾਪਤ ਕਿਸੇ ਵੀ ਅਸੇਇੰਗ ਅਤੇ ਹਾਲਮਾਰਕਿੰਗ ਕੇਂਦਰ ਤੋਂ ਤਸਦੀਕ ਕਰਵਾ ਸਕਦੇ ਹਨ।"

19. ਆਭੂਸ਼ਣਾਂ ਦੀ ਦੁਕਾਨ ਵਿੱਚ ਕੀ ਵੇਖਣਾ ਚਾਹੀਦਾ ਹੈ ?
ੳ. ਵਿਕਰੀ ਆਉਟਲੈੱਟ ਦੇ ਬਾਹਰ ਰਜਿਸਟਰਡ ਜੌਹਰੀ ਬੀ.ਆਈ.ਐਸ ਲੋਗੋ ਦੇ ਨਾਲ "ਵਿਕਰੀ ਦੇ ਲਈ ਹਾਲ ਮਾਰਕਾ ਆਭੂਸ਼ਣ ਉਪਲੱਬਧ ਹਨ" ਦਾ ਬੋਹੜ ਪ੍ਰਦਰਸ਼ਿਤ ਕਰੇਗਾ। ਬੀ.ਆਈ.ਐੱਸ ਦੁਆਰਾ ਜਾਰੀ ਰਜਿਸਟਰਡ ਪ੍ਰਮਾਣ ਪੱਤਰ ਜੌਹਰੀ ਆਪਣੀ ਆਭੂਸ਼ਣ ਦੀ ਦੁਕਾਨ ਵਿੱਚ ਪ੍ਰਦਰਸ਼ਿਤ ਕਰੇਗਾ ।ਹਾਲਮਾਰਕ

ਵਾਲੇ ਆਭੂਸ਼ਣਾਂ 'ਤੇ ਗ੍ਰਾਹਕ ਨੂੰ ਹਾਲਮਾਰਕ ਦਿਖਾਉਣ ਲਈ ਜੌਹਰੀ ਦੇ ਕੋਲ ਘੱਟੋ-ਘੱਟ 10% ਆਵਰਧਕ ਸ਼ੀਸ਼ਾ ਹੋਣਾ ਜ਼ਰੂਰੀ ਹੈ। ਜੌਹਰੀ ਕੈਰਟ ਦੇ ਨਾਲ ਸੰਬੰਧਤ ਫਾਈਨਨੈਸ ਨੂੰ ਪ੍ਰਦਰਸ਼ਿਤ ਕਰੇਗਾ |

20. ਕਿ ਦੋਨੋਂ ਵਸਤੂਆਂ/ ਆਭੂਸ਼ਣਾਂ 'ਤੇ ਜੋੜੀ ਵਿੱਚ ਅਤੇ ਸਾਰੇ ਅਲੱਗ ਹੋਣ ਵਾਲੇ ਭਾਗਾਂ 'ਤੇ ਹਾਲਮਾਰਕਿੰਗ ਕਰਨਾ ਜ਼ਰੂਰੀ ਹੈ ?

ਜੋੜੀ ਵਿੱਚ ਹਰੇਕ ਵਸਤੂ 'ਤੇ ਹਾਲਮਾਰਕ ਮਾਣ ਹੋਣਾ ਚਾਹੀਦਾ ਹੈ| ਗਾਹਕ ਨੂੰ ਫਾਈਨਨੈਸ / ਸ਼ੁੱਧਤਾ ਸਬੰਧੀ ਕਿਸੇ ਵੀ ਦੁਰਉਪਯੋਗ ਨੂੰ ਰੋਕਣ ਦੇ ਲਈ ਹਰੇਕ ਵਸਤੂ 'ਤੇ ਹਾਲਮਾਰਕਿੰਗ ਅਤੇ ਫਾਈਨਨੈਸ ਦਾ ਵਿਵਰਣ ਦੇਖਣਾ ਚਾਹੀਦਾ ਹੈ |

21.ਕੀ ਕੋਈ ਕਾਰੀਗਰ ਜਾਂ ਆਮ ਆਦਮੀ ਆਭੂਸ਼ਣਾਂ ਦੀ ਹਾਲ ਮਾਰਕਿੰਗ ਦੇ ਲਈ ਸਿੱਧੇ ਤੌਰ 'ਤੇ ਅਸੇਇੰਗ ਅਤੇ ਹਾਲਮਾਰਕਿੰਗ ਕੇਂਦਰ ਨਾਲ ਸੰਪਰਕ ਕਰ ਸਕਦਾ ਹੈ?

ਨਹੀਂ, ਕੇਵਲ ਬੀ.ਆਈ.ਐਸ ਰਜਿਸਟਰਡ ਜੌਹਰੀ ਹੀ ਆਭੂਸ਼ਣਾਂ ਦੀ ਹਾਲ ਮਾਰਕਿੰਗ ਦੇ ਲਈ ਸਿੱਧੇ ਤੌਰ 'ਤੇ ਅਸੇਇੰਗ ਅਤੇ ਹਾਲਮਾਰਕਿੰਗ ਕੇਂਦਰ ਨਾਲ ਸੰਪਰਕ ਕਰ ਸਕਦਾ ਹੈ |

22.ਆਮ ਆਦਮੀ ਨੂੰ ਹਾਲ ਮਾਰਕਿੰਗ ਦੀ ਜਾਣਕਾਰੀ ਕਿੱਥੋਂ ਮਿਲ ਸਕਦੀ ਹੈ ?

ਹਾਲਮਾਰਕਿੰਗ ਦੇ ਬਾਰੇ ਵਿਸਥਾਰਪੂਰਵਕ ਸੰਪੂਰਨ ਜਾਣਕਾਰੀ ਬੀ.ਆਈ.ਐਸ ਵੈੱਬਸਾਈਟ www.bis.gov.in 'ਤੇ ਹਾਲਮਾਰਕਿੰਗ ਵਿਭਾਗ ਦੇ ਅਧੀਨ ਦਿੱਤੀ ਗਈ ਹੈ| ਜਾਣਕਾਰੀ ਵਿੱਚ ਹਾਲਮਾਰਕਿੰਗ 'ਤੇ ਆਮ ਜਾਣਕਾਰੀ, ਜੋਹਰੀ ਤੇ ਹਾਲ ਮਾਰਕਿੰਗ ਕੇਂਦਰਾਂ ਦੇ ਲਈ ਪ੍ਰਕਿਰਿਆ ਅਤੇ ਦਿਸ਼ਾ ਨਿਰਦੇਸ਼ ,ਹਰ ਪ੍ਰਕਾਰ ਦੇ ਫਾਰਮ ਅਤੇ ਰਜਿਸਟਰਡ ਜੌਹਰੀਆਂ ਦੀ ਸੂਚੀ ਅਤੇ ਹਾਲਮਾਰਕਿੰਗ ਕੇਂਦਰ ਆਦਿ ਵੀ ਸ਼ਾਮਲ ਹਨ|

23.ਮੈਂ ਆਪਣੇ ਇਲਾਕੇ ਦੇ ਬੀ.ਆਈ.ਐਸ ਰਜਿਸਟਰਡ ਜੌਹਰੀਆਂ ਦੀ ਸੂਚੀ ਕਿੱਥੋਂ ਪ੍ਰਾਪਤ ਕਰ ਸਕਦਾ ਹਾਂ?

ਬੀ.ਆਈ.ਐਸ ਰਜਿਸਟਰਡ ਜੌਹਰੀਆਂ ਦੀ ਸੂਚੀ ਬੀ.ਆਈ.ਐਸ ਵੈੱਬਸਾਈਟ ਵੈੱਬਸਾਈਟ 'ਤੇ ਉਪਲੱਬਧ ਹੈ ਤੇ ਇਹ ਹੇਠ ਲਿਖੇ ਲਿੰਕ https://bis.gov.in/index.php/hallmarking-overview/jewellers-registration-scheme/list-of-licensed-jewellers/ ਦੁਆਰਾ ਦੇਖੀ ਜਾ ਸਕਦੀ ਹੈ

24. ਮੈਂ ਬੀ.ਆਈ.ਐਸ ਦੁਆਰਾ ਮਾਨਤਾ ਪ੍ਰਾਪਤ ਅਸੇਇੰਗ ਅਤੇ ਹਾਲਮਾਰਕਿੰਗ ਕੇਂਦਰਾਂ ਦੀ ਸੂਚੀ ਕਿੱਥੋਂ ਪ੍ਰਾਪਤ ਕਰ ਸਕਦਾ ਹਾਂ?

ਬੀ.ਆਈ.ਐਸ ਦੁਆਰਾ ਮਾਨਤਾ ਪ੍ਰਾਪਤ ਅਸੇਇੰਗ ਅਤੇ ਹਾਲਮਾਰਕਿੰਗ ਕੇਂਦਰਾਂ ਦੀ ਸੂਚੀ ਬੀ.ਆਈ.ਐਸ ਵੈੱਬਸਾਈਟ 'ਤੇ ਉਪਲੱਬਧ ਹੈ ਤੇ ਇਹ ਹੇਠ ਲਿਖੇ ਲਿੰਕ https://www.manakonline.in/MANAK/AHCListForWebsite. ਦੁਆਰਾ ਦੇਖੀ ਜਾ ਸਕਦੀ ਹੈ।

25.ਕੀ ਇਹ ਸੰਭਵ ਹੈ ਕਿ ਕਿਸੇ ਆਮ ਆਦਮੀ ਦੁਆਰਾ ਹਾਲਮਾਰਕ ਲੱਗੇ ਆਭੂਸ਼ਣ ਦੀ ਸ਼ੁੱਧਤਾ ਲਈ ਕਿਸੇ ਅਸੇਇੰਗ ਅਤੇ ਹਾਲਮਾਰਕਿੰਗ ਕੇਂਦਰ ਤੋਂ ਪ੍ਰੀਖਣ ਕਰਾਇਆ ਜਾ ਸਕਦਾ ਹੈ?

ਹਾਂ, ਬੀ.ਆਈ.ਐੱਸ ਦੁਆਰਾ ਮਾਨਤਾ ਪ੍ਰਾਪਤ ਕਿਸੇ vI ਅਸੇਇੰਗ ਅਤੇ ਹਾਲਮਾਰਕਿੰਗ ਕੇਂਦਰ ਵਿੱਚ 200/- ਰੁਪਏ ਦਾ ਪ੍ਰੀਖਣ ਸ਼ੁਲਕ ਦਾ ਭੁਗਤਾਨ ਕਰਨ 'ਤੇ ਪ੍ਰੀਖਣ ਕਰਵਾਇਆ ਜਾ ਸਕਦਾ ਹੈ ਹੈ। ਬੀ.ਆਈ.ਐੱਸ ਦਆਰਾ ਮਾਨਤਾ ਅਸੇਇੰਗ ਅਤੇ ਹਾਲਮਾਰਕਿੰਗ ਕੇਂਦਰਾਂ ਦੀ ਸੂਚੀ ਸਾਡੀ ਵੈੱਬਸਾਈਟ www.bis.gov.in'ਤੇ ਉਪਲੱਬਧ ਹੈ ।